ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫਾਊਂਡੇਸ਼ਨ ਆਫ ਕੈਨੇਡਾ
## ਵੱਲੋਂ ਕਰਵਾਏ ਗਏ ਕਲਾਸੀਕਲ ਕੀਰਤਨ ਮੁਕਾਬਲੇ

ਬਰੈਂਪਟਨ 25 ਨਵੰਬਰ (ਡਾ. ਦਰਸ਼ਨਦੀਪ ਅਰੋੜਾ)-ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫਾਊਂਡੇਸ਼ਨ ਆਫ਼ ਕੈਨੇਡਾ ਵੱਲੋਂ 25 ਵੀ ਵਰੇਗੰਡ ਨੂੰ ਸਮਰਪਿਤ ਬੱਚਿਆਂ ਦੇ 19ਵੇਂ ਕਲਾਸੀਕਲ ਕੀਰਤਨ ਮੁਕਾਬਲੇ ਕਰਵਾਏ ਗਏ ਜਿਨਾਂ ਵਿੱਚ ਵੱਖ-ਵੱਖ ਉਮਰ ਵਰਗ ਦੇ ਪ੍ਰਤੀਭਾਗੀਆਂ ਵੱਲੋਂ ਉਤਸ਼ਾਹ ਦੇ ਨਾਲ ਭਾਗ ਲਿਆ ਗਿਆ। ਇਹ ਕੀਰਤਨ ਮੁਕਾਬਲੇ ਓਂਨਟਾਰੀਓ ਖਾਲਸਾ ਦਰਬਾਰ, ਹਾਲ ਨੰਬਰ ਪੰਜ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ। ਇਸ ਸਮਾਗਮ ਵਿੱਚ 7 ਤੋਂ 11 ਸਾਲ, 12 ਤੋਂ 13 ਸਾਲ, 14 ਤੋਂ 16 ਸਾਲ ਅਤੇ 17 ਤੋਂ 24 ਸਾਲ ਉਮਰ ਵਰਗ ਪ੍ਰਤੀਭਾਗੀਆਂ ਦੇ ਮੁਕਾਬਲੇ ਕਰਵਾਏ ਗਏ।ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਈਆਂ ਮਾਣਮੱਤੀ ਸ਼ਖਸ਼ੀਅਤਾਂ ਵੱਲੋਂ ਵਧੀਆਂ ਪੇਸ਼ਕਾਰੀ ਦੇ ਦਮ ਤੇ ਵੱਖ-ਵੱਖ ਸਥਾਨ ਹਾਸਲ ਕਾਰਨ ਵਾਲੇ ਪ੍ਰਤੀਭਾਗੀਆ ਨੂੰ ਸਨਮਾਨਿਤ ਕਰਨ ਦੀ ਰਸਮ ਅਦਾ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਬੱਚਿਆਂ ਨੂੰ ਆਪਣੇ ਧਰਮ ਨਾਲ ਜੁੜ ਕੇ ਗੁਰੂਆਂ ਦੇ ਦਿਖਾਏ ਮਾਰਗ ਤੇ ਚਲਦੇ ਹੋਏ ਸਫ਼ਲ ਇਨਸਾਨ ਬਣਨਾ ਚਾਹੀਦਾ।




AMYRA ACADEMY
Hair & Esthetics
Our Courses
HAIR STYLING DIPLOMA
MEDICAL ESTHETICS DIPLOMA
905-399-6110 , 647-713-3133
amyraacademy@outlook.com
www.amyraacademy.com
114 Kennedy Road Unit 2 Brampton Ontario, L6W 3E7
amyraacademy
amyraacademy

AXLE Car Rental
Enjoy The Ride!
905.917.0818
We Provide:
• Insurance Replacement Rental
• We Deal With All Insurance Companies
• All New Models of Cars, Suv's & Mini Vans
• Free Local Shuttle Service
axlecarrental@gmail.com
www.AxleCarRental.com
1365 Mid-Way Blvd. Unit 10, Mississauga, ON L5T 2J5

HURRY! RIGHT AWAY
BRAMPTON CASH & CARRY
Importer | Wholesaler | Retailer
SPECIAL OFFERS AT
BRAMPTON CASH AND CARRY
WHOLE WHEAT 2.49 $
BEST FOOD RUSK 2.99 $
WHITE 2.49 $
100 Kennedy Rd S, Brampton, ON L6W 3E7, Canada
905-230-4800

RE/MAX GOLD COAST REALTORS
RE/MAX GOLD
• FREE HOME EVALUATION
• FREE VIRTUAL TOUR
• FREE STAGING CONSULTATION
(905) 673-8500
TeamGetSold@outlook.com
2720 N Park Dr Unit 50, Brampton, ON 188 DER
If You Are Satisfied With My Services, Don't Keep It A Secret. Thanks For Your Trust

HOMELIFE
Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"

Weight 20 Pond
Price $12.99
AASHIRVAAD
AASHIRVAAD ATTA
BRAMPTON CASH & CARRY

# 'ਫਾਜ਼ਿਲਕਾ ਜੇਲ੍ਹ ਦੇ ਸੁਪਰਡੈਂਟ ਰਹੇ ਪੰਜ ਅਧਿਕਾਰੀਆਂ ਦੀ ਜਾਇਦਾਦ ਦੀ ਜਾਂਚ ਕਰੇ ਸਰਕਾਰ', ਹਾਈ ਕੋਰਟ ਨੇ ਕਾਰਵਾਈ ਨਾ ਕਰਨ 'ਤੇ ਅਪਣਾਇਆ ਸਖ਼ਤ ਰੁਖ

ਚੰਡੀਗੜ੍ਹ, 25 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਜੇਲ੍ਹ ਵਿੱਚੋਂ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਸਖ਼ਤ ਰੁਖ਼ ਅਖਤਿਆਰ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹੁਣ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਫਾਜ਼ਿਲਕਾ ਨੂੰ ਇਸ ਮਾਮਲੇ ਵਿੱਚ ਪਿਛਲੇ ਪੰਜ ਜੇਲ੍ਹ ਸੁਪਰਡੈਂਟਾਂ ਦੀਆਂ ਜਾਇਦਾਦਾਂ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਜੇਲ੍ਹ ਅਧਿਕਾਰੀਆਂ ਖ਼ਲਾਫ਼ ਕੀਤੀ ਗਈ ਕਾਰਵਾਈ ਦਾ ਵੇਰਵਾ ਅਗਲੀ ਸੁਣਵਾਈ 'ਤੇ ਪੇਸ਼ ਕਰਨ ਦੇ ਹੁਕਮ ਵੀ ਦਿੱਤੇ ਹਨ।

ਜੇਲ 'ਚ ਨਸ਼ਾ ਤਸਕਰੀ ਦੀ ਦੋਸ਼ੀ ਔਰਤ ਦੀ ਜ਼ਮਾਨਤ ਪਟੀਸ਼ਨ ਸੁਣਵਾਈ ਲਈ ਆਈ ਸੀ ਅਤੇ ਇਸ 'ਤੇ ਹਾਈਕੋਰਟ ਨੇ ਪਟੀਸ਼ਨ ਦਾ ਦਾਇਰਾ ਵਧਾਉਂਦੇ ਹੋਏ ਜੇਲ 'ਚ ਨਸ਼ਿਆਂ ਨੂੰ ਲੈ ਕੇ ਏਡੀਜੀਪੀ ਜੇਲ ਨੂੰ ਤਲਬ ਕੀਤਾ ਸੀ। ਮਾਮਲੇ ਦੀ ਜਾਂਚ ਐੱਸਐੱਸਓਸੀ ਵੱਲੋਂ ਕੀਤੀ ਜਾ ਰਹੀ ਸੀ ਅਤੇ ਜਾਂਚ ਵਿੱਚ ਇੱਕ ਵੀ ਜੇਲ੍ਹ ਅਧਿਕਾਰੀ ਦਾ ਨਾਂ ਸਾਹਮਣੇ ਨਹੀਂ ਆਇਆ ਸੀ। ਅਜਿਹੇ ਵਿੱਚ ਹਾਈ ਕੋਰਟ ਨੇ ਐਸਐਸਓਸੀ ਦੇ ਮੁਖੀ ਨੂੰ ਤਲਬ ਕੀਤਾ ਸੀ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਇਸ ਮਾਮਲੇ ਵਿੱਚ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਪਰ ਹਾਈਕੋਰਟ ਨੇ ਇਸ ਮਾਮਲੇ 'ਤੇ ਦੁਬਾਰਾ



ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਸੁਣਵਾਈ 'ਤੇ ਟਿੱਪਣੀ ਕਰਦਿਆਂ ਹਾਈਕੋਰਟ ਨੇ ਕਿਹਾ ਸੀ ਕਿ ਜੇਲ੍ਹ 'ਚੋਂ 43000 ਕਾਲਾਂ ਆਈਆਂ ਹਨ, 9 ਮਹੀਨੇ ਬੀਤ ਜਾਣ 'ਤੇ ਵੀ ਜਾਂਚ ਟੀਮ ਕੋਲ ਇਸ ਗੱਲ ਦਾ ਜਵਾਬ ਨਹੀਂ ਹੈ ਕਿ ਜੇਲ੍ਹ 'ਚ ਮੋਬਾਈਲ ਕੌਣ ਲੈ ਕੇ ਗਿਆ, ਜੇਕਰ ਅਸੀਂ ਸਾਰੇ ਐੱਸਐੱਸਓਸੀ ਅਧਿਕਾਰੀਆਂ ਦੀਆਂ ਜਾਇਦਾਦਾਂ ਦੀ ਜਾਂਚ ਕਰਵਾਉਂਦੇ ਹਾਂ ਤਾਂ ਸ਼ਾਇਦ ਹੀ ਕੋਈ ਬਚੇਗਾ।

ਹਾਈਕੋਰਟ ਨੇ ਕਿਹਾ ਸੀ ਕਿ ਜੇਕਰ ਕੋਈ ਸਜ਼ਾ ਬਰਖਾਸਤਗੀ ਤੋਂ ਘੱਟ ਹੁੰਦੀ ਹੈ ਤਾਂ ਇਨ੍ਹਾਂ ਅਪਰਾਧਾਂ ਨੂੰ ਰੋਕਿਆ ਨਹੀਂ ਜਾਵੇਗਾ। ਇੰਕਰੀਮੈਂਟ ਰੋਕਣ ਦੀ ਸਜ਼ਾ ਦਾ ਕੋਈ ਮਤਲਬ ਨਹੀਂ ਹੈ, ਜੇਕਰ ਤੁਸੀਂ ਉਨ੍ਹਾਂ ਨੂੰ ਤਨਖਾਹ ਦੇਣਾ ਬੰਦ ਕਰ ਦਿੰਦੇ ਹੋ ਤਾਂ ਵੀ ਉਹ ਕੰਮ ਕਰਦੇ ਰਹਿਣਗੇ ਕਿਉਂਕਿ ਉਹ ਹਰ ਮਹੀਨੇ 20 ਕਰੋੜ ਰੁਪਏ ਤੋਂ ਵੱਧ ਕਮਾ ਲੈਂਦੇ ਹਨ। ਜੇਲ੍ਹ 'ਚੋਂ ਨਸ਼ਿਆਂ ਦਾ ਕਾਰੋਬਾਰ ਚੱਲ ਰਿਹਾ ਹੈ, ਇਸ ਤੋਂ ਵੱਡਾ ਅਪਰਾਧ ਹੋਰ ਕੀ ਹੋ ਸਕਦਾ ਹੈ। ਅਦਾਲਤ ਨੇ ਕਿਹਾ ਕਿ ਜੇਕਰ ਜੇਲ੍ਹ ਵਿੱਚ ਨਸ਼ਾ ਮਿਲਦਾ ਹੈ ਤਾਂ ਜੇਲ੍ਹਰ ਨੂੰ ਬਰਖ਼ਾਸਤ ਕੀਤਾ ਜਾਵੇ, ਜੇਕਰ ਨਸ਼ਾ ਤਸਕਰੀ ਦਾ ਮੁਲਜ਼ਮ ਬਰੀ ਹੋ ਜਾਂਦਾ ਹੈ ਤਾਂ ਜਾਂਚ ਅਧਿਕਾਰੀ ਨੂੰ ਬਰਖ਼ਾਸਤ ਕੀਤਾ ਜਾਵੇ, ਤਾਂ ਹੀ ਇਹ ਨੈੱਟਵਰਕ ਟੁੱਟੇਗਾ। ਸੁਣਵਾਈ ਦੌਰਾਨ ਹਾਈਕੋਰਟ ਨੇ ਜੇਲ੍ਹ ਸੁਪਰਡੈਂਟ ਬਲਜੀਤ ਸਿੰਘ ਵੈਦਿਆ, ਕਰਨਜੀਤ ਸਿੰਘ ਸੰਧੂ, ਅਰਵਿੰਦਰਪਾਲ ਸਿੰਘ ਭੱਟੀ, ਪਰਵਿੰਦਰ ਸਿੰਘ ਅਤੇ ਗੁਰਨਾਮ ਲਾਲ ਦੀਆਂ ਜਾਇਦਾਦਾਂ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ




## ਸੁਖਬੀਰ ਦੇ ਮਾਮਲੇ 'ਚ ਜਥੇਦਾਰ ਨੇ ਸੱਦੀ ਇਕੱਤਰਤਾ, 3 ਸਾਬਕਾ ਜਥੇਦਾਰਾਂ ਤੋਂ ਮੰਗਿਆ ਸਪੱਸ਼ਟੀਕਰਨ; 2015 ਕੋਰ ਕਮੇਟੀ ਦੇ ਮੈਂਬਰ ਵੀ ਤਲਬ



ਅੰਮ੍ਰਿਤਸਰ25 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਸ਼੍ਰੋਮਣੀ ਅਕਾਲੀ ਦਲ (Shiromani Akali Dal) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ (Sukhbir Singh Badal) ਤੇ ਹੋਰਨਾ ਆਗੂਆਂ ਦੇ ਮਾਮਲੇ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ (Sri Akal Takht Sahib) ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੋ ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦੀ ਹੈ। ਇਸ ਇਕੱਤਰਤਾ 'ਚ ਜਥੇਦਾਰ ਨੇ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੂੰ ਤਲਬ ਕੀਤਾ ਹੈ।

ਇਸ ਦਿਨ ਜਥੇਦਾਰਾਂ ਵੱਲੋਂ ਤਨਖਾਹੀਆ ਸੁਖਬੀਰ ਸਿੰਘ ਬਾਦਲ ਨੂੰ ਧਾਰਮਿਕ ਸਜ਼ਾ ਸੁਣਾਈ ਜਾਵੇਗੀ। ਇਸ ਦੇ ਨਾਲ ਹੀ 2007 ਤੋਂ 2017 ਤਕ ਕੈਬਨਿਟ ਦਾ ਹਿੱਸਾ ਰਹੇ ਸਿੱਖ ਮੰਤਰੀ ਵੀ ਤਲਬ ਕੀਤੇ ਹਨ। 2015 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅੰਤਰਿਕ ਕਮੇਟੀ ਤੇ ਅਕਾਲੀ ਦਲ ਦੀ ਕੋਰ ਕਮੇਟੀ ਦਾ ਹਿੱਸਾ ਰਹੇ ਸਮੂਹ ਮੈਂਬਰਾਂ ਨੂੰ ਵੀ ਸੱਦਿਆ ਹੈ।

ਇਸ ਸਬੰਧੀ ਸਕੱਤਰੇਤ ਵਲੋਂ ਸਬੰਧਿਤਾਂ ਨੂੰ ਪੱਤਰ ਜਾਰੀ ਕਰ ਦਿੱਤੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵੀ ਸਮੁੱਚੇ ਸਕੱਤਰਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਮੌਜੂਦ ਰਹਿਣ ਲਈ ਕਿਹਾ ਹੈ।

ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਕੋਲੋਂ ਵੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

### ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜ਼ਲਦ ਖੁੱਲ ਰਹੀ ਹੈ
3643 Portage Rd, Niagara Falls
416-700-9100



# ਸਿੱਖ ਪੰਥ ਨੂੰ ਢਾਅ ਲਾਉਣ ਵਾਲਿਆਂ ਨੂੰ ਜਵਾਬ ਦੇਣ ਲਈ ਨੈੱਟਵਰਕ ਹੋਵੇ ਕਾਇਮ : ਗਿਆਨੀ ਹਰਪ੍ਰੀਤ ਸਿੰਘ

ਲੁਧਿਆਣਾ, 25 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ-ਇਸ਼ਮੀਤ ਸਿੰਘ ਸੰਗੀਤ ਅਕੈਡਮੀ ਲੁਧਿਆਣਾ ਵਿਖੇ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਪੰਥਕ ਸੋਚ ਦੇ ਧਾਰਨੀ ਸਵ: ਭਾਈ ਪਰਮਜੀਤ ਸਿੰਘ ਖਾਲਸਾ ਦੀ ਨਿੱਘੀ ਯਾਦ ਨੂੰ ਸਮਰਪਿਤ 'ਸਿੱਖ ਸਮੱਸਿਆਵਾਂ- ਦਸ਼ਾ ਤੇ ਦਿਸ਼ਾ' ਵਿਸ਼ੇ ਉਪਰ ਵਿਚਾਰ ਗੋਸ਼ਟੀ ਕਰਵਾਈ ਗਈ। ਵਿਚਾਰ ਗੋਸ਼ਟੀ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸਮੂਹ ਸਿੱਖ ਧਾਰਮਿਕ ਤੇ ਸਿਆਸੀ ਜਥੇਬੰਦੀਆਂ ਦੇ ਆਗੂਆਂ ਅਤੇ ਫੈਡਰੇਸ਼ਨ ਦੇ ਕਾਰਕੁੰਨਾਂ ਨੂੰ ਜ਼ੋਰਦਾਰ ਤਾਕੀਦ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ ਅੰਦਰ ਸਿੱਖ ਪੰਥ ਨੂੰ ਢਾਅ ਲਗਾਉਣ ਵਾਲੀਆਂ ਬਾਹਰਲੀਆਂ ਤੇ ਅੰਦਰੂਨੀ ਸ਼ਕਤੀਆਂ ਨੂੰ ਠੋਕਵਾਂ ਜਵਾਬ ਦੇਣ ਤੇ ਕੌਮ ਨੂੰ ਦਰਪੇਸ਼ ਚਣੌਤੀਆਂ ਦਾ ਠੋਸ ਹੱਲ ਕੱਢਣ ਲਈ ਅਹਿਮ ਕਦਮ ਚੁੱਕਣੇ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਸਿੱਖਾਂ ਨੂੰ ਆਪਣਾ ਸ਼ਕਤੀਸ਼ਾਲੀ ਸੋਸ਼ਲ ਮੀਡੀਏ ਦਾ ਨੈੱਟਵਰਕ ਸਥਾਪਤ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਥਕ ਸਿਧਾਂਤਾਂ, ਮਰਿਆਦਾ ਤੇ ਕੌਮੀ ਸਰੋਕਾਰਾਂ ਤੋਂ ਅਵੇਸਲੀ ਸਿੱਖ ਲੀਡਰਸ਼ਿਪ ਦੀਆਂ ਅਣਗਹਿਲੀਆਂ ਤੇ ਗਲਤੀਆਂ ਸਦਕਾ ਅੱਜ ਜੋ ਪੰਥ ਦੀ ਦੁਰਦਸ਼ਾ ਹੋ ਰਹੀ ਹੈ, ਉਸ ਦੇ ਸਦਕਾ ਸਾਡੀ ਨੌਜਵਾਨ ਸ਼ਕਤੀ ਪੂਰੀ ਤਰ੍ਹਾਂ ਖਿੰਡਰ ਚੁੱਕੀ ਹੈ ਜਿਸ ਨੂੰ ਇੱਕਠਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਹਰਿਆਵਲ ਦਸਤੇ ਦੇ ਰੂਪ ਵਜੋਂ ਸਮੁੱਚੇ ਸੰਸਾਰ ਅੰਦਰ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਮੁਹਿੰਮ ਨੂੰ ਪ੍ਰਚੰਡ ਕਰਨ ਅਤੇ ਸਿੱਖ ਨੌਜਵਾਨ ਪੀੜ੍ਹੀ ਨੂੰ ਉਸਾਰੂ ਸੇਧ ਦੇ ਕੇ ਉਨ੍ਹਾਂ ਨੂੰ ਆਪਣੇ ਧਰਮ, ਸਿਧਾਂਤਾਂ, ਵਿਰਸੇ ਤੇ ਇਤਿਹਾਸ ਨਾਲ ਜੋੜਨ ਦਾ ਜੋ ਅਹਿਮ



ਉਪਰਾਲਾ ਤੇ ਕਾਰਜ ਕਰ ਰਹੀਆਂ ਜਥੇਬੰਦੀਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਸਮੁੱਚੇ ਪੰਥ ਲਈ ਪ੍ਰੇਣਾ ਦਾ ਸਰੋਤ ਹਨ।ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਭਾਈ ਮੇਜਰ ਸਿੰਘ ਖਾਲਸਾ ਨੇ ਕਿਹਾ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦਾ ਮੁੱਖ ਪੰਥਕ ਤੇ ਰਾਜਸੀ ਨਿਸ਼ਾਨਾ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੀਆਂ ਲੀਹਾਂ 'ਤੇ ਅਧਾਰਿਤ ਹੈ ਅਤੇ ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ, ਜਾਤ-ਪਾਤ, ਛੂਤ-ਛਾਤਦੇ ਵਿਤਕਰੇ ਨੂੰ ਹਟਾਕੇ ਗੁਰੂ ਸਾਹਿਬਾਨ ਦੇ ਅਮੀਰ ਫਲਸਫੇ ਗੁਰਮਤਿ ਗੁਰ-ਸਿਧਾਤਾਂ ਦਾ ਪ੍ਰਚਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਤੇ ਸਤਿਕਾਰ ਨੂੰ ਕਾਇਮ ਰੱਖਣਾ ਹੈ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਧਾਰਮਿਕ ਸੇਧ ਦੇਣ ਅਤੇ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਜਲਦੀ ਫਰੀਦਕੋਟ, ਅੰਮ੍ਰਿਤਸਰ, ਪਟਿਆਲਾ, ਚੰਡੀਗੜ੍ਹ ਤੇ ਜੰਮੂ ਵਿੱਚ ਵਿਚਾਰਾਂ ਗੋਸ਼ਟੀਆਂ ਕਰਵਾਈਆਂ ਜਾਣਗੀਆਂ ਅਤੇ ਉਪਰੰਤ ਗੁਰਮਤਿ ਸਿਖ਼ਲਾਈ ਕੈਂਪ ਦਾ ਲਗਾ ਕੇ ਸਿੱਖ ਨੌਜਵਾਨ ਸ਼ਕਤੀ ਨੂੰ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਨਵਾਂ ਪ੍ਰੋਗਾਮ ਦਿੱਤਾ ਜਾਵੇਗਾ।

ਵਿਚਾਰ ਗੋਸ਼ਟੀ ਵਿੱਚ ਉੱਘੇ ਸਿੱਖ ਵਿਦਵਾਨ ਤੇ ਚਿੰਤਕ ਡਾ. ਸੁਖਦਿਆਲ ਸਿੰਘ ਪੰਜਾਬੀ ਯੂਨੀਵਰਸਿਟੀ, ਡਾ.ਅਨੁਰਾਗ ਸਿੰਘ, ਪ੍ਰੋ. ਅਮਰਜੀਤ ਸਿੰਘ ਦੂਆ, ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ, ਬਾਬਾ ਅਵਤਾਰ ਸਿੰਘ ਸਾਧਾ ਵਾਲੇ,ਭਾਈ ਜੁਝਾਰ ਸਿੰਘ, ਭਾਈ ਦਲੇਰ ਸਿੰਘ ਡੋਡ ਪ੍ਰਧਾਨ ਆਲ ਇੰਡੀਆ ਸਿੱਖ ਫੈਡਰੇਸ਼ਨ, ਭਾਈ ਸਰਬਜੀਤ ਸਿੰਘ ਸੋਹਲ ਤੇ ਨਰਿੰਦਰ ਸਿੰਘ ਜੰਮੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖ ਨੌਜਵਾਨ ਸ਼ਕਤੀ ਨੂੰ ਮੁੜ ਇੱਕਠਾ ਕਰਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਮਜ਼ਬੂਤ ਬਣਾਇਆ ਜਾਵੇ, ਤਾਂ ਕਿ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਨੌਜਵਾਨਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਵਾਈ ਜਾ ਸਕੇ ਅਤੇ ਨਾਲ ਹੀ ਸਿੱਖੀ ਪ੍ਰੰਪਰਾ ਦੀ ਤਰਜਮਾਨੀ ਕਰਦੇ ਗੁਰਮਤਿ ਸਿਖ਼ਲਾਈ ਕੈਂਪ ਲਗਾਉਣ ਦੀ ਮੁੜ ਆਰੰਭਤਾ ਕੀਤੀ ਜਾਵੇ।

ਇਸ ਮੌਕੇ ਬਲਬੀਰ ਸਿੰਘ ਭਾਟੀਆ,ਬਲਜਿੰਦਰ ਸਿੰਘ ਫੁੱਲਾਂਵਾਲ, ਮਨਪ੍ਰੀਤ ਸਿੰਘ ਚਾਵਲਾ,ਭੁਪਿੰਦਰ ਸਿੰਘ ਨਾਗੋਕੇ,ਬਾਬਾ ਅਜੀਤ ਸਿੰਘ, ਤੇਜਿੰਦਰ ਸਿੰਘ ਡੰਗ,ਸੁਰਜੀਤ ਸਿੰਘ ਪ੍ਰਧਾਨ ਦੰਗਾ ਪੀੜਤ ਸੁਸਾਇਟੀ, ਬੀਬੀ ਗੁਰਦੀਪ ਕੌਰ, ਕਵੰਰ ਉਕਾਂਰ ਸਿੰਘ ਨਰੂਲਾ, ਸਰਬਜੀਤ ਸਿੰਘ ਬਟਾਲਾ, ਅਮਰੀਕ ਸਿੰਘ, ਬਚਿੱਤਰ ਸਿੰਘ, ਜੁਗਰਾਜ ਸਿੰਘ, ਹਰਪ੍ਰੀਤ ਸਿੰਘ ਕੋਟਕਪੂਰਾ, ਰੁਲਦਾ ਸਿੰਘ, ਅਮਰਜੀਤ ਸਿੰਘ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਤੇ ਫੈਡਰੇਸ਼ਨ ਦੇ ਅਹੁਦੇਦਾਰ ਹਾਜ਼ਰ ਸਨ।

ਮੁਫ਼ਤ ਕੈਂਪ ਮੁਫ਼ਤ ਕੈਂਪ ਮੁਫ਼ਤ ਕੈਂਪ
ਸਮੂਹ ਇਲਾਕਾ ਨਿਵਾਸੀਆਂ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਮਨੁੱਖਤਾ ਦੀ ਸੇਵਾ ਲਈ
ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ
ਸ਼ੰਕਰਾ ਆਈ ਹਸਪਤਾਲ (ਲੁਧਿਆਣਾ) ਦੇ ਸਹਿਯੋਗ ਨਾਲ
ਅੱਖਾਂ ਦਾ ਮੁਫ਼ਤ ਚੈੱਕਅਪ
ਆਪ੍ਰੇਸ਼ਨ ਕੈਂਪ
ਮਿਤੀ 28 ਨਵੰਬਰ 2024 (ਸਮਾਂ ਸਵੇਰੇ 9 ਤੋਂ 1 ਵਜੇ ਤੱਕ)
ਸਥਾਨ:- ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਕਰਮਗੜ੍ਹ (ਜ਼ਿਲ੍ਹਾ ਪਟਿਆਲਾ)
ਕੈਂਪ ਦੌਰਾਨ ਦਵਾਈਆਂ ਅਤੇ ਐਨਕਾਂ ਮੁਫ਼ਤ ਵੰਡੀਆਂ ਜਾਣਗੀਆਂ
ਚਿੱਟੇ ਮੋਤੀਏ ਦੇ ਮਰੀਜ਼ਾਂ ਦਾ ਆਪ੍ਰੇਸ਼ਨ ਫਰੀ ਕੀਤਾ ਜਾਵੇਗਾ।
ਨੋਟ:-
1. ਮਰੀਜ਼ ਆਪਣਾ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਜ਼ਰੂਰ ਨਾਲ ਲੈ ਕੇ ਆਉਣ।
2. ਆਪਣੇ ਨਾਲ 2 ਮੋਬਾਇਲ ਨੰਬਰ ਲਿਖ ਕੇ ਲਿਆਉਣਾ।
3. ਜਿਹੜੇ ਮਰੀਜ਼ ਕਿਸੇ ਬਿਮਾਰੀ ਦੀ ਦਵਾਈ ਖਾਂਦੇ ਹਨ, ਉਹ ਆਪਣੀ ਦਵਾਈ ਨਾਲ ਲੈ ਕੇ ਆਉਣ ਜੀ ।
M: 98729-13053, 77195-57742

ਸੱਦਾ-ਪੱਤਰ
ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ
ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ
ਦੇ ਸਹਿਯੋਗ ਨਾਲ
ਮਨਦੀਪ ਸਿੱਧੂ ਸਹਿਜ ਦਾ ਪਲੇਠਾ ਕਾਵਿ-ਸੰਗ੍ਰਹਿ
"ਧੀਆਂ ਦੀ ਦਾਸਤਾਨ"
ਲੋਕ ਅਰਪਣ ਸਮਾਰੋਹ ਅਤੇ ਮਰਹੂਮ ਸਾਇਰ ਹਰਜਿੰਦਰ ਬੱਲ
ਦੀ ਯਾਦ ਨੂੰ ਸਮਰਪਿਤ

ਕਵੀ ਦਰਬਾਰ

ਸ਼ਾਇਰ ਜਗਦੀਸ਼ ਰਾਣਾ
30 ਨਵੰਬਰ ਦਿਨ ਸ਼ਨੀਵਾਰ ਸਵੇਰੇ 10:30 ਵਜੇ
ਸਥਾਨ: ਪੰਜਾਬ ਪ੍ਰੈਸ ਕਲੱਬ ਜਲੰਧਰ
ਮੁੱਖ ਮਹਿਮਾਨ : ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ
ਪ੍ਰਧਾਨਗੀ : ਪ੍ਰੋ. ਸੰਧੂ ਵਰਿਆਣਵੀ, ਡਾ. ਬਲਦੇਵ ਸਿੰਘ ਬੱਦਨ, ਡਾ. ਕੰਵਲ ਭੱਲਾ, ਸ. ਹਰਬੰਸ ਸਿੰਘ ਅਕਸ
"ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਪੁਰਸਕਾਰ 2024" ਲੋਕ ਸ਼ਾਇਰ ਜਗਦੀਸ਼ ਰਾਣਾ ਨੂੰ ਦਿੱਤਾ ਜਾਵੇਗਾ।
ਉਡੀਕਵਾਨ:- ਸ਼੍ਰੀਮਤੀ ਬਲਬੀਰ ਕੌਰ ਰਾਏਕੋਟੀ ਅਤੇ ਜਗਦੀਸ਼ ਰਾਣਾ
M: 98144-12610, 79862- 07849









# ਸਪੈਮ ਕਾੱਲ ਦੀ ਰੋਕਥਾਮ ਦੀ ਕੋਸ਼ਿਸ਼ ਦਾ ਕਿੰਨਾ ਹੋਇਆ ਅਸਰ



ਨਵੀਂ ਦਿੱਲੀ, 25 ਨਵੰਬਰ, (ਜਸਵਿੰਦਰ ਸਿੰਘ ਬਿੱਟਾ)-ਸਪੈਮਕਾੱਲ ਨੂੰ ਲੈ ਕੇ ਟੀ.ਆਰ.ਏ.ਆਈ ਨੇ ਸਖ਼ਤ ਕਦਮ ਚੁੱਕੇ ਹਨ। ਉਸ ਵੱਲੋਂ ਟੈਲੀਕਾਮ ਕੰਪਨੀਆਂ ਨੂੰ ਸਪੈਮ ਕਾੱਲ ਜਾਂ ਪਰੇਸ਼ਾਨ ਕਰਨ ਵਾਲੀਆਂ ਕਾੱਲ ਕਰਨ ਵਾਲਿਆਂ ਟੈਲੀਮਾਰਕਟਸ ਟੈਲੀਮਾਰਕਿਟਸ ਦੇ ਖਿਲਾਫ਼ ਕਾਰਵਾਈ ਕਰਨ ਦਾ ਹੁਕਮ ਦਿੱਤਾ ਹੈ। ਹਾਲਾਂਕਿ ਇਹ ਸਿਰਫ਼ ਸ਼ੁਰੂਆਤ ਹੈ, ਪਰ ਆਉਣ ਵਾਲੇ ਦਿਨਾਂ ਵਿੱਚ ਇਸ ਨਾਲ ਯੂਜ਼ਰਸ ਨੂੰ ਕਾਫ਼ੀ ਫਾਇਦਾ ਹੋ ਸਕਦਾ ਹੈ। ਫਿਲਹਾਲ 27 ਪ੍ਰਤੀਸ਼ਤ ਮੋਬਾਇਲ ਯੂਜ਼ਰਸ ਨੇ ਪਰੇਸ਼ਾਨ ਕਰਨ ਵਾਲੇ ਕਾੱਲ ਵਿੱਚ ਘਾਟ ਹੋਣ ਦੀ ਗੱਲ ਕਹੀ ਹੈ, ਜਦਕਿ 9 ਪ੍ਰਤੀਸ਼ਤ ਨੇ ਨੈਟ ਵਿੱਚ ਕਮੀ ਦੀ ਰਿਪੋਰਟ ਕੀਤੀ ਹੈ।

**ਕੀ ਕਦਮ ਚੁੱਕੇ ਟੀ.ਆਰ.ਏ.ਆਈ-ਏਅਰਟੈਲ ਨੇ**

ਮਾਰਕੀਟਿੰਗ ਕਰਨ ਵਾਲਿਆਂ ਨੂੰ ਹੁਣ ਮੈਸੇਜ ਟੇਮਪਲੇਟਸ ਅਤੇ ਹੈਡਰ ਰਜਿਸਟਰੇਸ਼ਨ ਕਰਵਾਉਣ ਦੀ ਜ਼ਰੂਰਤ ਹੈ, ਤਾਂ ਕਿ ਉਹਨਾਂ ਦੇ ਗ਼ਲਤ ਉਪਯੋਗ ਨੂੰ ਰੋਕਿਆਂ ਜਾ ਸਕੇ। ਭਾਰਤੀ ਏਅਰਟੈਲ ਨੇ ਰਿਯਲ ਟਾਇਮ ਵਿੱਚ ਸ਼ੱਕੀ ਸਪੈਮ ਨੂੰ ਪਹਿਚਾਣਨ ਦੇ ਲਈ ਏ.ਆਈ ਬੇਸਡ ਸਪੈਮ ਡਿਟੇਕਸ਼ਨ ਟੂਲ ਲਾਂਚ ਕੀਤਾ ਹੈ।

**ਅਣਚਾਹੇ ਕਾੱਲ ਤੇ ਯੂਜ਼ਰਸ ਦੀ ਸ਼ਿਕਾਇਤ ਅਤੇ ਟੀ.ਆਰ.ਏ.ਆਈ ਦਾ ਐਕਸ਼ਨ**

ਅਗਸਤ ਤੋਂ ਅਕਤੂਬਰ 2024 ਦੇ ਵਿਚਕਾਰ 20 ਪ੍ਰਤੀਸ਼ਤ ਕਾੱਲ ਦੀ ਸ਼ਿਕਾਇਤਾਂ ਵਿੱਚ ਘਾਟ ਦਰਜ਼ ਕੀਤੀ ਗਈ ਹੈ। ਅਗਸਤ ਮਹੀਨੇ ਵਿੱਚ 1.89 ਲੱਖ ਦੇ ਮੁਕਾਬਲੇ ਅਕਤੂਬਰ ਵਿੱਚ 1.15 ਲੱਖ ਲੋਕਾਂ ਨੇ ਹੀ ਸ਼ਿਕਾਇਤ ਦਰਜ਼ ਕਰਵਾਈ ਸੀ।
ਜਦਕਿ ਟੀ.ਆਰ.ਏ.ਆਈ ਵੱਲੋਂ 2.75 ਲੱਖ ਨੰਬਰਾਂ ਨੂੰ ਡਿਸਕਨੇਕਟ ਕਰ ਦਿੱਤਾ ਗਿਆ ਹੈ ਅਤੇ 50 ਟੈਲੀਮਾਰਕਟਿੰਗ ਕੰਪਨੀਆਂ ਦੀਆਂ ਸੇਵਾਵਾਂ ਬਲਾੱਕ ਕਰ ਦਿੱਤੀ ਗਈਆਂ ਹੈ।

**ਪਿਛਲੇ 30 ਦਿਨਾਂ ਵਿੱਚ ਘੱਟ ਹੋਈਆਂ ਸਪੈਮ ਕਾੱਲ ?**

309 ਜਿਲ੍ਹਿਆਂ ਦੇ 14,000 ਤੋਂ ਜਿਆਦਾ ਮੋਬਾਇਲ ਯੂਜ਼ਰਸ ਨੂੰ ਲੋਕਲ ਸਰਕਲਸ ਨੇ ਪਰੇਸ਼ਾਨ ਕਰਨ ਵਾਲੇ ਕਾੱਲ ਨਾਲ ਜੁੜੇ ਇਸ ਸਰਵੇਂ ਵਿੱਚ ਸ਼ਾਮਲ ਕੀਤਾ ਸੀ। 9 ਪ੍ਰਤੀਸ਼ਤ ਨੇ ਜਵਾਬ ਵਿੱਚ ਕਿਹਾ ਕਿ ਇਸ ਬਾਰੇ ਵਿੱਚ ਕੁਝ ਕਹਿ ਨਹੀਂ ਸਕਦੇ।
9 ਪ੍ਰਤੀਸ਼ਤ ਯੂਜ਼ਰਸ ਨੇ ਹਿਊਮਨ ਅਤੇ ਰੋਬੋ ਕਾੱਲਸ ਵਿੱਚ ਕਮੀ ਦੀ ਗੱਲ ਸਵੀਕਾਰ ਕੀਤੀ ਹੈ।
18 ਪ੍ਰਤੀਸ਼ਤ ਯੂਜਰਸ ਨੇ ਕਿਹਾ ਕੁੱਝ ਕਮੀ ਆਈ ਪਰ ਰੋਬੋ-ਕਾੱਲਸ ਵਧੇ ਹਨ।
43 ਪ੍ਰਤੀਸ਼ਤ ਨੇ ਕਿਹਾ ਕਿ ਪਰੇਸ਼ਾਨ ਕਰਨ ਵਾਲੀ ਕਾੱਲਸ ਵਿੱਚ ਕੋਈ ਕਮੀ ਨਹੀਂ ਆਈ ।
27 ਪ੍ਰਤੀਸ਼ਤ ਓਵਰ ਕਾੱਲ ਮੋਬਾਇਲ ਯੂਜਰਸ ਨੇ ਕਾੱਲਸ ਵਿੱਚ ਕਮੀ ਦੀ ਪੁਸ਼ਟੀ ਕੀਤੀ।
21 ਪ੍ਰਤੀਸ਼ਤ ਨੇ ਹਿਊਮਨ ਅਤੇ ਰੋਬੋ-ਕਾੱਲਸ ਦੋਨਾਂ ਵਿੱਚ ਵਾਧੇ ਦੀ ਗੱਲ ਕੀਤੀ ਹੈ।

# ਵਿਦੇਸ਼ੀ ਜਾਇਦਾਦ ਦੀ ਜਾਣਕਾਰੀ ਦੇ ਲਈ ਸਹੀ ਆਈਟੀਆਰ ਚੁਣੋ

ਨਵੀਂ ਦਿੱਲੀ, 25 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਚਾਲੂ ਸਾਲ ਦੇ ਦੌਰਾਨ ਹੁਣ ਤੱਕ ਵਿਦੇਸ਼ੀ ਜਾਇਦਾਦ ਅਤੇ ਟੈਕਸ ਦਾ ਵੇਰਵਾ ਦੇਣ ਵਾਲੇ ਦੋ ਲੱਖ ਟੈਕਸਦਾਤਵਾਂ (ਆਇਟੀਆਰ) ਦਾਖਿਲ ਕੀਤੇ ਗਏ ਹਨ। ਕਰ ਵਿਭਾਗ ਨੇ ਭਾਰਤੀ ਨਿਵਾਸੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਵਿਦੇਸ਼ੀ ਜਾਇਦਾਦ ਦੀ ਜਾਣਕਾਰੀ ਦੇਣ ਲਈ ਸਹੀ (ਫਾਰਮ) ਦਾਖਿਲ ਕਰਨ ਅਤੇ ਜੇਕਰ ਉਹਨਾਂ ਨੇ ਗਲਤ ਫਾਰਮ ਜਮਹਾ ਕਰ ਦਿੱਤਾ ਹੈ ਤਾਂ ਆਪਣੇ ਰਿਟਰਨ ਨੂੰ ਸੋਧਣ ਕੇਂਦਰੀ ਪ੍ਰਤੱਖ ਕਰ ਬੋਰਡ (ਸੀਬੀਡੀਟੀ) ਅਧਿਕਾਰੀ ਨੇ ਦੱਸਿਆ ਭਾਰਤੀਆਂ ਨੂੰ ਵਿਦੇਸ਼ੀ ਜਾਇਦਾਦ ਅਤੇ ਵਿਦੇਸ਼ੀ ਸਰੋਤ ਟੈਕਸ ਅਨੁਸੂਚੀ ਨੂੰ ਭਰਨ ਲਈ ਆਪਣੇ ਕਰਮਚਾਰੀਆਂ ਦੇ ਸ਼ੇਅਰ ਵਿਕਲਪਾਂ ਨੂੰ ਯਕੀਨੀ ਬਣਾਉਣ ਲਈ ਨਿਯੋਜਨਾਂ ਤੋਂ ਮਿਲੇ ਸ਼ੇਅਰਾਂ ਅਤੇ ਅਰਜ਼ੀਆਂ ਬਾਰੇ ਆਈਕਰ ਵਿਭਾਗ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ।
ਕਰ ਵਿਭਾਗ ਅਤੇ ਉਸਦੀ ਪ੍ਰਬੰਧਕੀ ਅਥਾਰਟੀ ਸੀਬੀਡੀਟੀ ਨੇ ਹਾਲ ਹੀ ਵਿੱਚ ਆਪਣੀ ਟੈਕਸਦਾਤਾਵਾਂ ਨੂੰ ਆਪਣੇ ਟੈਕਸ ਰਿਟਰਨ ਵਿੱਚ ਅਨੁਸੂਚੀ ਵਿਦੇਸ਼ੀ ਜਾਇਦਾਦ (ਅਨੁਸੂਚੀ ਏਐਫ) ਨੂੰ ਸਹੀ ਢੰਗ ਨਾਲ ਭਰਨ ਅਤੇ ਵਿਦੇਸ਼ੀ ਸਰੋਤਾਂ (ਅਨੁਸੂਚੀ ਏ.ਐਫ਼.ਐਸ.ਆਈ ) ਤੋਂ ਟੈਕਸ ਬਾਰੇ ਦੱਸਣ ਦੇ ਲਈ ਚਾਲੂ ਸਾਲ 2024-25 ਦੇ ਲਈ ਅਨੁਪਾਲਣ ਅਤੇ ਜਾਗਰੂਕਤਾ ਅਭਿਆਨ ਸ਼ੁਰੂ ਕੀਤਾ ਹੈ। ਵਿਭਾਗ ਨੇ ਟੈਕਸਦਾਤਵਾਂ ਦੁਆਰਾ ਵਿਦੇਸ਼ੀ ਜਾਇਦਾਦ ਅਤੇ ਟੈਕਸ ਦਾ ਪ੍ਰਗਟੀਕਰਨ ਵਿਸ਼ੇ ਤੇ ਇਕ ਆਨਲਾਇਨ ਗੱਲਬਾਤ ਸੈਸ਼ਨ ਦਾ ਆਯੋਜਨ ਵੀ ਕੀਤਾ। ਇਸ ਦੌਰਾਨ ਸੀਬੀਡੀਟੀ ਵਿੱਚ ਆਯੁਕਤ ਜਾਂਚ ਸ਼ਸ਼ੀ ਭੂਸ਼ਣ ਸ਼ੁਕਲਾ ਨੇ ਵਿਸ਼ੇ ਦੇ ਵੱਖ-ਵੱਖ ਪ੍ਰਬੰਧਾਂ ਅਤੇ 2015 ਦੇ ਕਾਲਾ ਧਨ ਵਿਰੋਧੀ ਕਾਨੂੰਨ ਦੇ ਨਿਯਮਾਂ ਦੀ ਵਿਆਖਿਆ ਕੀਤੀ । ਉਨ੍ਹਾਂ ਨੇ ਕਿਹਾ ਕਿ ਜਿਸ ਕੋਲ ਅਜਿਹੀ ਜਾਇਦਾਦ ਆਈ ਹੈ, ਪਰ ਉਨ੍ਹਾਂ ਨੇ ਆਈਟੀਆਰ-1 ਜਾਂ ਆਈਟੀਆਰ-4 ਦਾਖਿਲ ਕੀਤਾ, ਉਨ੍ਹਾਂ ਨੂੰ ਕਾਨੂੰਨਦਾਨ ਵਿਰੋਧੀ ਕਾਨੂੰਨ ਦੇ ਅਧੀਨ ਦੰਡ ਅਤੇ ਅਭਿਯੋਜਨ ਤੋਂ ਅਧਿਕਾਰੀ ਲਈ 31 ਦਸੰਬਰ ਤੱਕ ਸੋਧ ਜਾਂ ਵਿਲੰਬਿਤ ਰਿਟਾਰਨ ਦਾਖਿਲ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਜਾਗਰੂਕਤਾ ਦੇ ਨਾਲ ਆਈਟੀਆਰ ਦਾਖਲ ਕਰਕੇ ਭਵਿੱਖ ਵਿੱਚ ਕਈ ਤਰ੍ਹਾਂ ਦੇ ਲਾਭ ਚੁੱਕ ਸਕਦੇ ਹਨ। ਇਸ ਲਈ ਟੈਕਸਦਤਾਵਾਂ ਨੂੰ ਸਮੇਂ ਤੋਂ ਕਰ ਜਮਾ ਕਰਵਾਉਣਾ ਚਾਹੀਦਾ ਹੈ।

# ਵਿਧਾਨ ਸਭਾ ਚੋਣਾਂ ਵਿੱਚ ਦਿੱਗਜਾਂ ਤੇ ਦਾਅ ਲਗਾਉਣ ਦੀ ਤਿਆਰੀ ਵਿੱਚ ਭਾਜਪਾ



ਨਵੀਂ ਦਿੱਲੀ, 25 ਨਵੰਬਰ, (ਜਸਵਿੰਦਰ ਸਿੰਘ ਬਿੱਟਾ)-ਅਗਲੀਆਂ ਵਿਧਾਨਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ (ਆਪ) ਨੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸਦੇ ਬਾਅਦ ਹੁਣ ਭਾਜਪਾ ਵਿੱਚ ਵੀ ਸੀਟਾਂ ਤੇ ਨਾਮਾਂ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਸਾਬਕਾ ਮੰਤਰੀ ਕੈਲਾਸ਼ ਗਹਿਲੋਤ ਅਤੇ ਰਾਜ ਕੁਮਾਰ ਆਨੰਦ ਦੇ ਇਲਾਵਾ ਵਿਧਾਇਕ ਕਰਤਾਰ ਸਿੰਘ ਤੰਵਰ ਦੇ ਭਾਜਪਾ ਵਿੱਚ ਆਉਂਣ ਦੇ ਬਾਅਦ ਪਾਰਟੀ ਨੇ, ਆਪ ਦੇ ਬਾਗੀ ਨੇਤਾਵਾਂ ਤੇ ਵੀ ਨਜ਼ਰ ਬਣਾਈ ਹੋਈ ਹੈ। ਪਾਰਟੀ ਇਸ ਵਾਰ ਕਈ ਵੱਡੇ ਨੇਤਾਵਾਂ ਨੂੰ ਵਿਧਾਨਸਭਾ ਚੋਣ ਲੜਾਉਣ ਦੀ ਤਿਆਰੀ ਵਿੱਚ ਹੈ।

ਖਾਸ ਗੱਲ ਇਹ ਹੈ ਕਿ ਭਾਜਪਾ ਇਸ ਵਾਰ ਆਪਣੇ ਸਾਬਕਾ ਪ੍ਰਧਾਨ ਵਿਜੇਂਦਰ ਗੁਪਤਾ (ਵਰਤਮਾਨ ਵਿਧਾਇਕ) ਡਾ.ਗੋਪਾਲ ਹਰਸ਼ਵਰਧਨ, ਆਦੇਸ ਗੁਪਤਾ, ਸਤੀਸ਼ ਉਪ ਪ੍ਰਧਾਨ, ਵਿਜੈ ਗੋਪਾਲ ਆਦਿ ਨੂੰ ਚੋਣਾਵੀ ਦੰਗਲ ਵਿੱਚ ਉਤਾਰ ਸਕਦੀ ਹੈ। ਇਸਦੇ ਇਲਾਵਾ ਪਾਰਟੀ ਕਈ ਸਾਬਕਾ ਮੈਂਬਰਾਂ ਰਮੇਸ਼ ਬਿਧੂੜੀ, ਮੀਨਾਕਸ਼ੀ ਲੇਖੀ ਅਤੇ ਪ੍ਰਵੇਸ਼ ਸਾਹਿਬ ਸਿੰਘ ਵਰਮਾ ਨੇ ਨਾਮ ਤੇ ਦਾਅ ਲਾਗ ਸਕਦੀ ਹੈ. ਸੂਤਰ ਦੱਸਦੇ ਹਨ ਕਿ ਹੁਣ ਸਾਬਕਾ ਕੇਂਦਰੀ ਮੰਤਰੀ ਹਰਸ਼ਵਰਧਨ ਦੇ ਨਾਮ ਨੂੰ ਲੈ ਕੇ ਕੁਝ ਅਸਹਿਜ ਦੀ ਸਥਿਤੀ ਬਣੀ ਹੋਈ ਹੈ। ਉਹਨਾਂ ਦੇ ਨਾਮ ਨੂੰ ਲੈ ਕੇ ਪਾਰਟੀ ਨੇਤਾਵਾਂ ਦੇ ਵਿਚਕਾਰ ਦੋ ਰਾਇ ਹੈ। ਭਾਜਪਾ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਦੇਸ਼ ਭਾਜਪਾ ਪ੍ਰਧਾਨ ਵਿਰੇਂਦਰ ਸਚਦੇਵਾ ਸਮੇਂਤ ਕਈ ਬੁਲਾਰੇ ਅਤੇ ਅਹੁਦੇਦਾਰਾਂ ਵੀ ਇਸ ਵਾਰ ਚੋਣ ਲੜਨ ਦੇ ਮੂਡ ਵਿੱਚ ਹਨ। ਐਨਾ ਹੀ ਨਹੀਂ ਇਹ ਸਾਰੇ ਦਾਅਵੇਦਾਰ ਨੇਤਾ ਅਗਲੀ ਚੋਣ ਦੇ ਮੱਦੇਨਜ਼ਰ ਪ੍ਰਦੇਸ਼ ਵਿੱਚ ਆਪਣੀ ਪ੍ਰਤੀਕਿਰਿਆ ਦਿਖਾਉਣ ਦੇ ਲਈ ਪੂਰੀ ਤਾਕਤ ਲਗਾ ਰਹੇ ਹਨ।

ਭਾਜਪਾ ਪ੍ਰਦੇਸ਼ ਚੋਣ ਐਲਾਨ ਪੱਤਰ ਸੰਮਤੀ ਦੇ ਸੰਯੋਜਕ ਅਤੇ ਭਾਜਪਾ ਸਾਂਸਦ ਰਾਮਬੀਰ ਸਿੰਘ ਬਿਧੂੜੀ ਨੇ ਦੱਸਿਆ ਕਿ ਹੁਣ ਇਸ ਮਾਮਲੇ ਤੇ ਕੋਈ ਬੈਠਕ ਨਹੀਂ ਹੋਈ ਹੈ। ਚੋਣ ਮੈਦਾਨ ਵਿੱਚ ਕਿਸ ਨੂੰ ਉਤਾਰਨਾ ਹੈ ਜਾਂ ਨਹੀਂ । ਅਜੇ ਸਿਰਫ ਚੋਣ ਐਲਾਨ ਪੱਤਰ ਸੰਮਤੀ ਅਤੇ ਦੂਸਰੀਆਂ ਸੰਮਤੀਆਂ ਦੀ ਲਗਾਤਰਾ ਮੀਟਿੰਗਾਂ ਕੀਤੀਆ ਜਾ ਰਹੀਆਂ ਹਨ। ਕਈ ਸੰਮਤੀਆਂ ਦਾ ਗਠਨ ਕੀਤਾ ਗਿਆ ਹੈ।



# ਵਿਸ਼ਵ ਪੰਜਾਬੀ ਸਭਾ (ਰਜਿ:) ਕੈਨੇਡਾ
## ਅਤੇ ਧੀ ਪੰਜਾਬਣ ਮੰਚ ਸੰਗਰੂਰ ਵੱਲੋਂ
# ਪੁਸਤਕ ਸੱਭਿਆਚਾਰ ਨੂੰ ਸਮਰਪਿਤ ਸਮਾਰੋਹ

**ਮਿਤੀ: 27 ਨਵੰਬਰ 2024 ਦਿਨ ਬੁੱਧਵਾਰ / ਸਮਾਂ: ਸਵੇਰੇ 10:00 ਵਜੇ**
**ਸਥਾਨ:- ਅਕਾਲ ਕਾਲਜ਼ ਆਫ ਐਜੂਕੇਸ਼ਨ, ਮਸਤੂਆਣਾ ਸਾਹਿਬ (ਸੰਗਰੂਰ)**

## ਸਮਾਗਮ ਦੇ ਸਿਤਾਰੇ



ਡਾ. ਦਲਬੀਰ ਸਿੰਘ ਕਥੂਰੀਆ — ਚੇਅਰਮੈਨ ਵਿਸ਼ਵ ਪੰਜਾਬੀ ਸਭਾ
ਡਾ. ਹਰਦੀਪ ਸਿੰਘ ਮੁੰਡੀਆ — ਕੈਬਨਿਟ ਮੰਤਰੀ ਪੰਜਾਬ
ਡਾ. ਐਚ. ਐਸ. ਗਿੱਲ — ਚੇਅਰਮੈਨ ਆਦੇਸ਼ ਯੂਨੀਵਰਸਿਟੀ
ਡਾ. ਐਸ.ਪੀ. ਸਿੰਘ — ਸਾਬਕਾ ਵੀ.ਸੀ. ਗੁਰੂ ਨਾਨਕ ਦੇਵ ਯੂਨੀ.
ਪ੍ਰੋ. ਗੁਰਭਜਨ ਗਿੱਲ — ਸਰਪ੍ਰਸਤ ਵਿਸ਼ਵ ਪੰਜਾਬੀ ਸਭਾ
ਸ. ਜਸਪ੍ਰੀਤ ਸਿੰਘ ਕਰਮਸਰ — ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਿੱਲੀ
ਸ. ਕੰਵਰ ਸੰਧੂ — ਸਾਬਕਾ ਐਮ.ਐਲ.ਏ
ਡਾ. ਜਗਤਾਰ ਸਿੰਘ ਧੀਮਾਨ — ਸਾਬਕਾ ਵੀ.ਸੀ. ਗੁਰੂ ਕਾਂਸ਼ੀ ਯੂਨੀਵਰਸਿਟੀ



ਸ. ਲਖਵਿੰਦਰ ਸਿੰਘ ਸਲੇਮਪੁਰੀ — ਵਿਸ਼ਵ ਪ੍ਰਸਿੱਧ ਲੇਖਕ
ਡਾ. ਜੋਗਾ ਸਿੰਘ ਵਿਰਕ — ਮੁੱਖ ਸਲਾਹਕਾਰ
ਸ. ਗੁਰਲਾਭ ਸਿੰਘ ਸਿੱਧੂ — ਸਰਪ੍ਰਸਤ
ਪ੍ਰੋ. ਕੁਲਬੀਰ ਸਿੰਘ — ਸੀਨੀ. ਕਾਲਮਨਵੀਸ ਮੀਡੀਆ ਆਲੋਚਕ
ਪ੍ਰੋ. ਸੰਧੂ ਵਰਿਆਣਵੀਂ — ਮੁੱਖ ਸਲਾਹਕਾਰ
ਡਾ. ਗੁਰਪ੍ਰੀਤ ਕੌਰ — ਮੁੱਖ ਸਲਾਹਕਾਰ
ਡਾ. ਗੁਰਚਰਨ ਕੌਰ ਕੋਚਰ — ਨੈਸ਼ਨਲ ਸਟੇਟ ਅਵਾਰਡੀ
ਮੈਡਮ ਸੁੱਖੀ ਬਰਾੜ — ਪੰਜਾਬੀ ਲੋਕ ਗਾਇਕਾ

## ਉਡੀਕਵਾਨ ਸਮੁੱਚੀ ਟੀਮ



ਸ. ਹਰਜੀਤ ਸਿੰਘ ਢੀਂਗਰਾ, ਮੈਡਮ ਬਲਬੀਰ ਕੌਰ ਰਾਏਕੋਟੀ, ਬਿੱਟੂ ਸ਼ਫੀਨਾ ਸੰਧੂ, ਸ. ਸਤਵਿੰਦਰ ਸਿੰਘ ਧੜਾਕ, ਡਾ. ਕਮਲਜੀਤ ਸਿੰਘ ਟਿੱਬਾ, ਸ. ਜਸਵੀਰ ਸਿੰਘ ਰਾਏ, ਸ. ਸੋਹਣ ਸਿੰਘ ਗੈਦੂ, ਜਗਦੀਸ਼ ਰਾਣਾ, ਸ. ਅਮਰਜੀਤ ਸਿੰਘ ਅਮਰ, ਸ. ਹਰਜੀਤ ਸਿੰਘ ਬਾਜਵਾ



ਸ. ਰਵਿੰਦਰ ਸਿੰਘ ਸੋਂਪਲਾ, ਪ੍ਰਿੰਸੀਪਲ ਗੁਰਜੰਟ ਸਿੰਘ, ਡਾ. ਰਮਨਦੀਪ ਸਿੰਘ ਦੀਪ, ਡਾ. ਹਰਜੀਤ ਸਿੰਘ ਸੰਦਤ, ਸ. ਕੰਵਲਜੀਤ ਸਿੰਘ ਲੱਕੀ, ਸ. ਸੁਰਿੰਦਰਪ੍ਰੀਤ ਘਣੀਆਂ, ਸ. ਸਤਬੀਰ ਸਿੰਘ, ਮੈਡਮ ਬਲਜੀਤ ਸ਼ਰਮਾਂ, ਡਾ. ਜਗਦੀਪ ਕੌਰ ਆਹੂਜਾ, ਸ਼੍ਰੀਮਤੀ ਪਰਮਿੰਦਰ ਕੌਰ ਜੈਪੁਰ



ਸਾਹਿਬਾ ਜੀਟਨ ਕੌਰ, ਰਵੀ ਦੇਵਗਨ, ਪਰਮਜੀਤ ਕੌਰ, ਡਾ. ਉਮੈ ਐਮਨ, ਸ. ਸਰਬਜੀਤ ਸਿੰਘ ਡਿੰਪੀ, ਗੁਰਜੀਤ ਕੌਰ ਅਜਨਾਲਾ, ਅਹਿਮਦ ਮਹਿਮੂਦ ਬਿੰਦ, ਗੁਰਪ੍ਰੀਤ ਕੌਰ, ਅਨੀਤਾ ਪਟਿਆਲਵੀ, ਬੌਬੀ ਬਾਜਾਖਾਨਾ



ਸ਼੍ਰੀਮਤੀ ਹਰਜਿੰਦਰ ਕੌਰ ਸੱਧਰ, ਵਿਨੈ ਜੋਸ਼ੀ, ਡਾ. ਗਿਆਨ ਸਿੰਘ ਘਈ, ਦਵੀ ਸਿੱਧੂ, ਨਿਰਮਲਾ ਗਰਗ, ਮੈਡਮ ਸਨਦੀਪ ਚੀਮਾ, ਸ. ਬਲਰਾਜ ਸਿੰਘ, ਸ. ਅਵਤਾਰ ਸਿੰਘ, ਸ. ਗਿਆਨ ਸਿੰਘ, ਸ. ਰਣਜੀਤ ਸਿੰਘ ਸਿਰਸਾ



ਸੰਦੀਪ ਸ਼ਰਮਾਂ, ਰਮਨਦੀਪ ਕੌਰ, ਸ. ਹਰਪ੍ਰੀਤ ਸਿੰਘ, ਸ. ਹਰਜਿੰਦਰ ਸਿੰਘ ਜਿੰਦੀ, ਮੰਗਤ ਖਾਨ, ਸ. ਗੁਰਸੇਵਕ ਸਿੰਘ ਭੈਣੀ, ਸ. ਸੁਖਦੇਵ ਸਿੰਘ ਗੰਡਵਾ, ਡਾ. ਰਵਿੰਦਰ ਭਾਟੀਆ, ਰਾਜਵੀਰ ਜੰਨਤ, ਕਿਰਨ ਸਿੰਗਲਾ

**ਸੰਪਰਕ ਨੰ. 98144-12610, 98154-04044**

ROYAL SHIELD GROUP

# SUPER VISA INSURANCE

**EMERGENCY MEDICAL INSURANCE FOR**

- STUDENTS
- WORK PERMIT HOLDERS
- VISITORS

**TEHAL SINGH BRAR**
INSURANCE ADVISOR
**905-782-2013**

**SAHAS BRAR**
**416-660-6151**






## CHILD PLAN

Do you want to give a **Life Time Gift to your Child?** Call Now to set up this plan!

- A MAGICAL POLICY
- 20 Years To Pay!


BRAMPTON CASH AND CARRY
WHOLESALER
IMPORTER
DISTRIBUTOR
RETAILER
Wholesaler, Importer, Distributor & Retailer of Restaurants Supply
STAR SALT
Surf excel
LUX
fortune
Basundi Masala Mix
BRAMPTON
CASH & CARRY
Brampton CashandCarry2023@gmail.com
905-230-4800
100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA

# ਕਿਸਾਨ ਆਗੂ ਡੱਲੇਵਾਲ ਭਲਕ ਤੋਂ ਬੈਠਣਗੇ ਮਰਨ ਵਰਤ 'ਤੇ, ਕਿਹਾ-ਕੇਂਦਰ ਸਰਕਾਰ ਨਾਲ ਤਿੱਖਾ ਸੰਘਰਸ਼ ਕੀਤਾ ਜਾਵੇਗਾ



ਚੰਡੀਗੜ੍ਹ, 25 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਗੈਰ-ਸਿਆਸੀ ਸੰਯੁਕਤ ਕਿਸਾਨ ਮੋਰਚਾ ਨੇ ਕਿਸਾਨਾਂ ਲਈ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਲਾਗੂ ਕਰਵਾਉਣ ਲਈ ਕੇਂਦਰ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲੜਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਮੰਗਲਵਾਰ ਤੋਂ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠਣਗੇ।

ਸਬੰਧੀ ਉਨ੍ਹਾਂ ਜਿੱਥੇ ਫਰੀਦਕੋਟ 'ਚ ਪ੍ਰੈੱਸ ਕਾਨਫਰੰਸ ਕੀਤੀ ਉੱਥੇ ਹੀ ਇਸ ਤੋਂ ਪਹਿਲਾਂ ਆਪਣੀ ਪੂਰੀ ਜ਼ਮੀਨ ਆਪਣੇ ਬੇਟੇ, ਨੂੰਹ ਤੇ ਪੁੱਤਰ ਦੇ ਨਾਂ ਕਰਵਾ ਦਿੱਤੀ। ਫਰੀਦਕੋਟ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਜੋ ਕਿਸਾਨ ਭਾਰਤ ਨੂੰ ਅਨਾਜ ਭੰਡਾਰ ਪੈਦਾ ਕਰ ਕੇ ਦੇ ਰਿਹਾ ਹੈ, ਕੇਂਦਰ ਸਰਕਾਰ ਉਸੇ ਦੀ ਸੁਧ ਨਹੀਂ ਲੈ ਰਹੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਅਜਿਹਾ ਕਦਮ ਚੁੱਕਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਰਾਜਧਾਨੀ 'ਚ ਵੀ ਨਹੀਂ ਜਾਣ ਦਿੱਤਾ ਜਾ ਰਿਹਾ ਹੈ ਜੋ ਕਿ ਬਹੁਤ ਦੁੱਖਦਾਈ ਹੈ। ਉਨ੍ਹਾਂ ਕਿਹਾ ਕਿ ਹੁਣ ਤਕ ਸੰਯੁਕਤ ਕਿਸਾਨ ਮੋਰਚਾ ਵੱਲੋਂ ਸ਼ਾਂਤੀਪੂਰਵਕ ਹੈ। ਜਗਜੀਤ ਸਿੰਘ ਡੱਲੇਵਾਲ ਕੋਲ 17 ਏਕੜ ਜ਼ਮੀਨ ਹੈ, ਜਿਸ ਵਿੱਚੋਂ ਉਨ੍ਹਾਂ ਨੇ 4.30 ਏਕੜ ਆਪਣੇ ਲੜਕੇ ਦੇ ਨਾਂ, 2 ਏਕੜ ਆਪਣੀ ਨੂੰਹ ਦੇ ਨਾਂ ਤੇ ਬਾਕੀ ਜ਼ਮੀਨ ਆਪਣੇ ਪੋਤਰੇ ਦੇ ਨਾਂ 'ਤੇ ਲਿਖਵਾਈ ਹੈ।

# ਦੋ ਬੇਲਰ ਮਸ਼ੀਨਾਂ ਮੰਗਵਾਉਣ ਦੇ ਚੱਕਰ ਵਪਾਰੀ ਹੋਇਆ 2.65 ਕਰੋੜ ਦੀ ਠੱਗੀ ਦਾ ਸ਼ਿਕਾਰ, ਏਜੰਸੀ ਮਾਲਕ ਖਿਲਾਫ ਮਾਮਲਾ ਦਰਜ਼




ਕਪੂਰਥਲਾ,25 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਕਪੂਰਥਲਾ ਦੇ ਆਦਰਸ਼ ਨਗਰ ਦਾ ਰਹਿਣ ਵਾਲਾ ਇੱਕ ਵਪਾਰੀ ਦੋ ਬੇਲਰ ਮਸ਼ੀਨਾਂ ਦਾ ਆਰਡਰ ਦੇਣ ਸਮੇਂ ਠੱਗੀ ਦਾ ਸ਼ਿਕਾਰ ਹੋ ਗਿਆ। ਕਾਰੋਬਾਰੀ ਨਾਲ ਕਰੀਬ 2.65 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਗਈ।

ਵਪਾਰੀ ਨੇ ਤੁਰੰਤ ਥਾਣਾ ਸਿਟੀ ਨੂੰ ਸੂਚਨਾ ਦਿੱਤੀ। ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਦੋਸ਼ੀ ਏਜੰਸੀ ਮਾਲਕ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ।

# ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਦੀ ਅਪੀਲ 'ਤੇ ਫੈਸਲਾ ਲੈਣ ਲਈ ਕੇਂਦਰ ਨੂੰ ਦਿੱਤਾ ਚਾਰ ਹਫ਼ਤਿਆਂ ਦਾ ਸਮਾਂ



ਨਵੀਂ ਦਿੱਲੀ, 25 ਨਵੰਬਰ, (ਜਸਵਿੰਦਰ ਸਿੰਘ ਬਿੱਟਾ)-ਭਾਰਤਦੀ ਸੁਪਰੀਮ ਕੋਰਟ ਦੀ ਵਿਸ਼ੇਸ਼ ਬੈਂਚ ਨੇ ਸੋਮਵਾਰ (25 ਨਵੰਬਰ, 2024) ਨੂੰ ਬੇਅੰਤ ਸਿੰਘ ਕਤਲ ਕੇਸ ਵਿੱਚ ਫਾਂਸੀ ਦੀ ਸਜ਼ਾ ਵਾਲੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਨੂੰ ਚਾਰ ਹਫ਼ਤਿਆਂ ਲਈ ਮੁਲਤਵੀ ਕਰ ਦਿੱਤਾ ਹੈ। ਕਿਉਂਕਿ ਕੇਂਦਰ ਸਰਕਾਰ ਨੇ ਕਿਹਾ ਕਿ ਉਹ ਇਸ ਸੰਵੇਦਨਸ਼ੀਲ ਕੇਸ ਨੂੰ ਵਿਚਾਰ ਰਹੀ ਹੈ। ਮਹੱਤਵਪੂਰਨ ਇਨਪੁਟ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ 18 ਨਵੰਬਰ ਨੂੰ ਜਸਟਿਸ ਪੀ.ਕੇ. ਮਿਸ਼ਰਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨਦੀ ਬੈਂਚ ਨੇ ਰਾਸ਼ਟਰਪਤੀ ਮੁਰਮੂ ਨੂੰ ਬਲਵੰਤ ਸਿੰਘ ਰਾਜੋਆਣਾ ਵੱਲੋਂ ਦਾਇਰ ਰਹਿਮ ਦੀ ਪਟੀਸ਼ਨ 'ਤੇ ਦੋ ਹਫ਼ਤਿਆਂ ਅੰਦਰ ਵਿਚਾਰ ਕਰਨ ਦੀ ਬੇਨਤੀ ਕੀਤੀ ਸੀ। ਨੂੰ 27 ਜਨਵਰੀ 1996 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰਾਜੋਆਣਾ ਅਤੇ ਬੰਬ ਧਮਾਕਿਆਂ ਦੀ ਸਾਜ਼ਿਸ਼ ਰਚਣ ਵਾਲੇ ਅੱਠ ਹੋਰਾਂ ਵਿਰੁੱਧ ਮੁਕੱਦਮਾ ਚਲਾਇਆ ਗਿਆ ਸੀ। ਜੁਲਾਈ 2007 ਵਿੱਚ ਹੇਠਲੀ ਅਦਾਲਤ ਨੇ ਰਾਜੋਆਣਾ ਸਮੇਤ ਸਹਿ ਮੁਲਜ਼ਮਾਂ ਜਗਤਾਰ ਸਿੰਘ ਹਵਾਰਾ, ਗੁਰਮੀਤ ਸਿੰਘ, ਲਖਵਿੰਦਰ ਸਿੰਘ, ਸ਼ਮਸ਼ੇਰ ਸਿੰਘ ਅਤੇ ਨਸੀਬ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ। ਪਟੀਸ਼ਨਰ ਅਤੇ ਸਹਿ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ।

# ਹੁਣ ਐਜੂਕੇਸ਼ਨ ਲੋਨ ਲਈ ਅਪਲਾਈ ਕਰਨਾ ਹੋਵੇਗਾ ਹੋਰ ਸੋਖਾ

### 'ਪੀਐਮ ਵਿਦਿਆਲਕਸ਼ਮੀ' ਪੋਰਟਲ ਕੀਤਾ ਜਾ ਰਿਹਾ ਅਪਡੇਟ, ਦੋ ਪੇਜ਼ ਦਾ ਹੋਵੇਗਾ ਅਪਲਾਈ ਫਾਰਮ



ਦਿੱਲੀ, 25 ਨਵੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਕੇਂਦਰੀ ਸਿੱਖਿਆ ਮੰਤਰਾਲਾ ਵਿਦਿਆਰਥੀਆਂ ਦੇ ਲਈ ਐਜੂਕੇਸ਼ਨ ਲੋਨ ਦੀ ਰਾਹ ਨੂੰ ਹੋਰ ਸੋਖਾ ਬਣਾਉਣ ਦੀ ਯੋਜਨਾ ਨੂੰ ਅੰਤਿਮ ਰੂਪ ਦੇ ਰਿਹਾ ਹੈ। ਸਰਕਾਰੀ ਸੰਸਥਾਵਾਂ ਵਿੱਚ ਪੜ੍ਹਣ ਵਾਲੇ ਵਿਦਿਆਰਥੀ ਅਤੇ ਫੈਕਲਟੀ ਨੂੰ ਵਿਸ਼ਵ ਪੱਧਰ ਦੇ ਬਿਹਤਰੀਨ ਰਿਸਰਚ ਜਰਨਲ ਬਿਨਾਂ ਕਿਸੇ ਵੀ ਫ਼ੀਸ ਦੇ ਉਪਲੱਬਧ ਕਰਵਾਉਣ ਦੇ ਮਿਸ਼ਨ ਤੇ ਵੀ ਕੰਮ ਕੀਤਾ ਜਾ ਰਿਹਾ ਹੈ । ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਮੰਤਰਾਲੇ ਨੂੰ ਨਿਰਦੇਸ਼ ਦਿੱਤੇ ਹਨ ਕਿ ਨਵੀਂ ਕੇਂਦਰੀ 'ਪੀਐਮ ਵਿਦਿਆਲਕਸ਼ਮੀ' ਵਿੱਚ ਐਜੁਕੇਸ਼ਨ ਲੋਨ ਐਪਲੀਕੇਸ਼ਨ ਦੀ ਸੋਖੀ ਪ੍ਰਕਿਰਿਆ ਬਣਾਉਣ ਲਈ ਮੌਜੂਦਾ ਸਥਿਤੀ ਵਿੱਚ ਨਵੀਂ ਵਿਸ਼ੇਸ਼ਤਾ ਦੀ ਯੋਜਨਾ ਬਣਾਉਣਾ ਅਤੇ ਕਾਗਜ਼ੀ ਰਸ਼ਮੀ ਰਸਮਾਂ ਨੂੰ ਘੱਟ ਕਰਨਾ ਹੈ। ਰਿਸਰਚ ਜਰਨਲ ਨੂੰ ਲੈ ਕੇ ਵੀ ਨਵੀਂ ਯੋਜਨਾ ਆਵੇਗੀ।

# ਰਿਸ਼ਤੇਦਾਰ ਹਰ ਰੋਜ਼ ਲੈ ਰਹੇ 140 ਔਰਤਾਂ ਦੀ ਜਾਨ, ਘਰ 'ਚ ਸਭ ਤੋਂ ਵੱਧ ਖ਼ਤਰਾ; UN ਦੀ ਰਿਪੋਰਟ 'ਚ ਹੈਰਾਨ ਕਰਨ ਵਾਲੇ ਖ਼ੁਲਾਸੇ




ਕੈਨੇਡਾ,25 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਘਰ ਔਰਤਾਂ ਲਈ ਸਭ ਤੋਂ ਖ਼ਤਰਨਾਕ ਥਾਂ ਬਣ ਗਿਆ ਹੈ। ਸੰਯੁਕਤ ਰਾਸ਼ਟਰ ਦੀਆਂ ਦੋ ਏਜੰਸੀਆਂ ਨੇ ਸੋਮਵਾਰ ਨੂੰ ਕਿਹਾ ਕਿ ਪਿਛਲੇ ਸਾਲ ਔਸਤਨ 140 ਔਰਤਾਂ ਅਤੇ ਲੜਕੀਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਕਿਸੇ ਨਜ਼ਦੀਕੀ ਸਾਥੀ ਜਾਂ ਪਰਿਵਾਰਕ ਮੈਂਬਰ ਦੁਆਰਾ ਹਰ ਰੋਜ਼ ਕਤਲ ਕੀਤਾ ਗਿਆ ਸੀ। ਸੰਯੁਕਤ ਰਾਸ਼ਟਰ ਮਹਿਲਾ ਅਤੇ ਸੰਯੁਕਤ ਰਾਸ਼ਟਰ ਆਫਿਸ ਆਨ ਡਰੱਗਜ਼ ਐਂਡ ਕ੍ਰਾਈਮ ਨੇ ਕਿਹਾ ਕਿ 2023 ਦੌਰਾਨ ਵਿਸ਼ਵ ਪੱਧਰ 'ਤੇ ਲਗਭਗ 51,100 ਔਰਤਾਂ ਅਤੇ ਲੜਕੀਆਂ ਦੀ ਮੌਤ ਲਈ ਇੱਕ ਨਜ਼ਦੀਕੀ ਸਾਥੀ ਜਾਂ ਪਰਿਵਾਰਕ ਮੈਂਬਰ ਜ਼ਿੰਮੇਵਾਰ ਸੀ।

ਅੰਕੜੇ ਕਿਉਂ ਵਧ ਰਹੇ ਹਨ ?

ਇਹ ਅੰਕੜਾ 2022 ਵਿੱਚ 48,800 ਹੋਣ ਦਾ ਅਨੁਮਾਨ ਸੀ। ਔਰਤਾਂ ਦੇ ਖਿਲਾਫ ਹਿੰਸਾ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ 'ਤੇ ਜਾਰੀ ਕੀਤੀ ਗਈ ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਵਾਧਾ ਹੱਤਿਆਵਾਂ 'ਚ ਵਾਧੇ ਕਾਰਨ ਨਹੀਂ, ਸਗੋਂ ਮੁੱਖ ਤੌਰ 'ਤੇ ਵੱਖ-ਵੱਖ ਦੇਸ਼ਾਂ ਤੋਂ ਜ਼ਿਆਦਾ ਅੰਕੜੇ ਮਿਲਣ ਕਾਰਨ ਹੋਇਆ ਹੈ। ਦੋਵਾਂ ਏਜੰਸੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਜਗਹਾ ਔਰਤਾਂ ਅਤੇ ਲੜਕੀਆਂ ਲਿੰਗ-ਅਧਾਰਤ ਹਿੰਸਾ ਦੇ ਇਸ ਅਤਿਅੰਤ ਰੂਪ ਤੋਂ ਪ੍ਰਭਾਵਿਤ ਹੋ ਰਹੀਆਂ ਹਨ ਅਤੇ ਕੋਈ ਵੀ ਖੇਤਰ ਇਸ ਤੋਂ ਅਛੂਤਾ ਨਹੀਂ ਹੈ।

**ਅਫਰੀਕਾ ਵਿੱਚ ਸਭ ਤੋਂ ਵੱਧ ਕਤਲ**

ਔਰਤਾਂ ਅਤੇ ਕੁੜੀਆਂ ਲਈ ਘਰ ਸਭ ਤੋਂ ਖਤਰਨਾਕ ਸਥਾਨ ਹਨ। ਰਿਪੋਰਟ ਦੇ ਅਨੁਸਾਰ, ਨਜ਼ਦੀਕੀ ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਦੁਆਰਾ ਕੀਤੇ ਗਏ ਕਤਲਾਂ ਦੇ ਸਭ ਤੋਂ ਵੱਧ ਮਾਮਲੇ ਅਫਰੀਕਾ ਵਿੱਚ ਸਨ, ਜਿੱਥੇ 2023 ਵਿੱਚ ਲਗਭਗ 21,700 ਔਰਤਾਂ ਸ਼ਿਕਾਰ ਹੋਈਆਂ ਸਨ। ਆਪਣੀ ਆਬਾਦੀ ਦੇ ਲਿਹਾਜ਼ ਨਾਲ, ਅਫਰੀਕਾ ਪੀੜਤਾਂ ਦੀ ਗਿਣਤੀ ਵਿੱਚ ਸਭ ਤੋਂ ਅੱਗੇ ਰਿਹਾ, ਪ੍ਰਤੀ 100,000 ਲੋਕਾਂ ਵਿੱਚ 2.9 ਪੀੜਤ ਸਨ।

ਏਸ਼ੀਆ ਖੇਤਰ ਵਿੱਚ ਅੰਕੜੇ ਕਾਫੀ ਘੱਟ ਰਿਪੋਰਟ 'ਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਅਮਰੀਕਾ 'ਚ ਵੀ ਇਹ ਦਰ ਕਾਫੀ ਜ਼ਿਆਦਾ ਸੀ, ਜਿੱਥੇ ਪ੍ਰਤੀ 1 ਲੱਖ 'ਚ 1.6 ਔਰਤਾਂ ਪੀੜਤ ਸਨ, ਜਦਕਿ ਓਸ਼ੀਆਨੀਆ (ਪ੍ਰਸ਼ਾਂਤ ਮਹਾਸਾਗਰ ਦੇ ਟਾਪੂ ਦੇਸ਼ਾਂ) 'ਚ ਇਹ ਦਰ 1.5 ਪ੍ਰਤੀ 1 ਲੱਖ ਸੀ। ਏਸ਼ੀਆ ਵਿੱਚ ਇਹ ਦਰ ਬਹੁਤ ਘੱਟ ਸੀ, ਜਿੱਥੇ ਪ੍ਰਤੀ 1 ਲੱਖ 0.8 ਪੀੜਤ ਸਨ, ਜਦੋਂ ਕਿ ਯੂਰਪ ਵਿੱਚ ਇਹ ਦਰ 0.6 ਪ੍ਰਤੀ 1 ਲੱਖ ਸੀ।

**ਮਰਦਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਬਾਹਰ ਕਤਲ ਕੀਤਾ ਜਾਂਦਾ**

ਰਿਪੋਰਟ ਦੇ ਅਨੁਸਾਰ, ਯੂਰਪ ਅਤੇ ਅਮਰੀਕਾ ਵਿੱਚ ਔਰਤਾਂ ਦੀ ਜਾਣਬੁੱਝ ਕੇ ਹੱਤਿਆ ਮੁੱਖ ਤੌਰ 'ਤੇ ਉਨ੍ਹਾਂ ਦੇ ਨਜ਼ਦੀਕੀ ਸਾਥੀਆਂ ਦੁਆਰਾ ਕੀਤੀ ਜਾਂਦੀ ਹੈ। ਇਸ ਦੇ ਉਲਟ ਮਰਦਾਂ ਦੇ ਕਤਲ ਦੀਆਂ ਜ਼ਿਆਦਾਤਰ ਘਟਨਾਵਾਂ ਪਰਿਵਾਰ ਤੋਂ ਬਾਹਰ ਹੁੰਦੀਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, "ਹਾਲਾਂਕਿ ਕਤਲ ਦੇ ਸ਼ਿਕਾਰ ਜ਼ਿਆਦਾਤਰ ਪੁਰਸ਼ ਅਤੇ ਲੜਕੇ ਹਨ, ਪਰ ਇਹ ਔਰਤਾਂ ਅਤੇ ਲੜਕੀਆਂ ਹਨ ਜੋ ਨਿੱਜੀ ਥਾਵਾਂ 'ਤੇ ਮਾਰੂ ਹਿੰਸਾ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ," ਰਿਪੋਰਟ ਵਿੱਚ ਕਿਹਾ ਗਿਆ ਹੈ।

